

# ਅਨਿਸ਼ਚਿਤ ਸਮਿਆਂ ਦੇ ਵਿੱਚ ਆਸ਼ਾ

ਜਦੋਂ ਸਾਡੇ ਆਸ-ਪਾਸ ਦਾ ਦੁਨੀਆਂ ਅਸਥਿਰ ਹੋ ਜਾਂਦੀ ਹੈ—ਚਾਹੇ ਉਹ ਸਾਡੇ ਨਿੱਜੀ ਹਾਲਾਤ ਹੋਣ, ਆਰਥਿਕ ਗੜ੍ਹ-ਬੜ, ਬਿਮਾਰੀ ਜਾਂ ਸਮਾਜਿਕ ਉਥਲ-ਪੁਥਲ— ਤਾਂ ਇਹ ਕੁਦਰਤੀ ਗੱਲ ਹੈ ਕਿ ਅਸੀਂ ਵੀ ਡਾਵਾਂ-ਡੋਲ ਮਹਿਸੂਸ ਕਰਨ ਲੱਗ ਪੈਂਦੇ ਹਾਂ। ਜਦੋਂ ਸਾਡੀ ਜ਼ਿੰਦਗੀ ਦੀ ਜ਼ਮੀਨ, ਜੋ ਇੱਕ ਸਮੇਂ ਚਟਾਨ ਵਾਂਗ ਸੁਰੱਖਿਅਤ ਲੱਗਦੀ ਸੀ, ਤੇ ਜਦੋਂ ਰੇਤ ਵਾਂਗ ਖਿਸਕਣ ਲੱਗਦੀ ਹੈ, ਤਾਂ ਡਰ ਪੈਦਾ ਹੋਣ ਲੱਗਦਾ ਹੈ—ਭਵਿੱਖ ਦਾ ਡਰ, ਬਦਲਾਅ ਦਾ ਡਰ, ਅਤੇ ਉਹਨਾਂ ਚੀਜ਼ਾਂ ਦਾ ਡਰ ਜੋ ਸਾਡੀ ਇੱਛਾ ਤੋਂ ਬਿਨਾਂ ਵਾਪਰਦੀਆਂ ਹਨ। ਇਸ ਤਰ੍ਹਾਂ ਦੀ ਸਥਿਤੀ ਵਿੱਚ, ਅਕਸਰ ਅਸੀਂ ਸੋਚਦੇ ਹਾਂ ਕਿ ਹੁਣ ਸਾਰਾ ਕੰਟਰੋਲ ਸਾਡੇ ਹੱਥ ਵਿੱਚ ਹੋਣਾ ਚਾਹੀਦਾ ਹੈ, ਅਸੀਂ ਸਭ ਕੁਝ ਆਪਣੇ ਤਰੀਕੇ ਨਾਲ ਸੰਭਾਲਣ ਦੀ ਕੋਸ਼ਿਸ਼ ਕਰਦੇ ਹਾਂ।

ਕੀ ਤੁਸੀਂ ਕਦੇ ਇਹ ਇੱਛਾ ਕੀਤੀ ਹੈ ਕਿ ਤੁਹਾਨੂੰ ਇਹ ਯਕੀਨ ਹੋਵੇ, ਕਿ ਜੇਕਰ ਤੁਸੀਂ ਕਿਸੇ ਖਤਰਨਾਕ ਸਥਿਤੀ ਵਿੱਚ ਵੀ ਫ਼ਸ ਜਾਓ, ਤਾਂ ਵੀ ਤੁਹਾਨੂੰ ਕੋਈ ਨੁਕਸਾਨ ਨਹੀਂ ਹੋਵੇਗਾ? ਅੱਜ ਦੇ ਸਮੇਂ ਵਿੱਚ ਕੋਈ ਐਸੀ ਆਤਮਿਕ ਸ਼ਾਂਤੀ ਅਸੰਭਵ ਲੱਗਦੀ ਹੈ? ਪਰ ਖੁਸ਼ੀ ਦੀ ਗੱਲ ਇਹ ਹੈ ਕਿ ਤੁਸੀਂ ਪਰਮੇਸ਼ੁਰ ਵਿੱਚ ਸੁਰੱਖਿਆ ਅਤੇ ਸ਼ਾਂਤੀ ਪਾ ਸਕਦੇ ਹੋ— ਜਦੋਂ ਦੁਨੀਆ ਉਲਟ-ਪੁਲਟ ਹੋ ਰਹੀ ਹੋਵੇ, ਜਦੋਂ ਡਰ ਦੀਆਂ ਹਵਾਵਾਂ ਤੁਹਾਡੀ ਆਤਮਾ ਨੂੰ ਹਿਲਾਉਂਦੀਆਂ ਹੋਣ, ਅਤੇ ਚਿੰਤਾਵਾਂ ਦੀਆਂ ਲਹਿਰਾਂ ਤੁਹਾਨੂੰ ਡੁੱਬਾਉਣ ਲਈ ਡਰਾ ਰਹੀਆਂ ਹੋਣ।

ਬਾਈਬਲ ਸਾਨੂੰ ਇਹ ਦੱਸਦੀ ਹੈ ਕਿ ਇਸ ਧਰਤੀ ਉੱਤੇ ਸਾਨੂੰ ਮੁਸ਼ਕਿਲ ਸਮਿਆਂ ਦਾ ਸਾਹਮਣਾ ਕਰਨਾ ਪਵੇਗਾ (ਯੂਹੰਨਾ 16:33)। ਪਰ ਖੁਸ਼ੀ ਦੀ ਗੱਲ ਇਹ ਹੈ ਕਿ ਪਰਮੇਸ਼ੁਰ ਨੇ ਵਾਅਦਾ ਕੀਤਾ ਹੈ ਕਿ ਉਹ ਸਦਾ ਸਾਡੇ ਨਾਲ ਰਹੇਗਾ। “ਭਾਵੇਂ ਮੈਂ ਮੌਤ ਦੀ ਛਾਂ ਦੀ ਵਾਦੀ ਵਿੱਚ ਫਿਰਾਂ, ਮੈਂ ਕਿਸੇ ਬਦੀ ਤੋਂ ਨਹੀਂ ਡਰਾਂਗਾ, ਕਿਉਂਕਿ ਤੂੰ ਮੇਰੇ ਨਾਲ ਹੈਂ।” (ਜ਼ਬੂਰ 23:4) “ਮੈਨੂੰ ਪਤਾ ਹੈ ਕਿ ਪ੍ਰਭੂ ਸਦਾ ਮੇਰੇ ਨਾਲ ਹੈ। ਮੈਂ ਨਹੀਂ ਡੋਲਾਂਗਾ।” (ਜ਼ਬੂਰ 16:8)

ਸਾਡੇ ਵਿੱਚੋਂ ਕੋਈ ਵੀ ਇਹ ਨਹੀਂ ਜਾਣਦਾ ਕਿ ਭਵਿੱਖ ਵਿੱਚ ਕੀ ਆਉਣ ਵਾਲਾ ਹੈ। ਅਸੀਂ ਅਕਸਰ ਨਹੀਂ ਜਾਣਦੇ ਕਿ ਜੋ ਰੁਕਾਵਟ ਜਾਂ ਦੁਖਦਾਈ ਹਾਲਾਤ ਅਸੀਂ ਝੱਲ ਰਹੇ ਹਾਂ, ਉਹ ਇੱਕ ਹੀ ਪਲ ਵਿੱਚ ਖਤਮ ਹੋ ਜਾਣਗੇ, ਇੱਕ ਮਹੀਨਾ ਲੈਣਗੇ ਜਾਂ ਸਾਰੀ ਉਮਰ ਚੱਲਣਗੇ। ਪਰ ਸਾਡਾ ਵਿਸ਼ਵਾਸ ਇਹ ਜਾਣਦਾ ਹੈ ਕਿ ਪਰਮੇਸ਼ੁਰ ਸਾਨੂੰ ਕਦੇ ਇਕੱਲਾ ਨਹੀਂ ਛੱਡੇਗਾ। ਉਹ ਸਾਡੇ ਦੁੱਖਾਂ ਵਿੱਚ ਸਾਡੇ ਨਾਲ ਚੱਲੇਗਾ।

ਅਸੀਂ ਇਕ ਅਜਿਹੇ ਸੰਸਾਰ ਵਿੱਚ ਜੀ ਰਹੇ ਹਾਂ ਜੋ ਤੇਜ਼ੀ ਨਾਲ ਬਦਲ ਰਿਹਾ ਹੈ। ਇਹ ਬਦਲਾਅ ਅਕਸਰ ਅਨਿਸ਼ਚਿਤਤਾ ਲਿਆਉਂਦਾ ਹੈ,ਅਤੇ ਅਨਿਸ਼ਚਿਤਤਾ ਦੇ ਨਾਲ—ਚਿੰਤਾ, ਤਣਾਅ, ਅਤੇ ਇੱਕ ਅੰਦਰੂਨੀ ਬੇਚੈਨੀ ਆਉਂਦੀ ਹੈ। ਇਹ ਬੇਚੈਨੀ ਅਤੇ ਉਲਝਣ, ਸਾਡੀ ਖੁਸ਼ੀ ਅਤੇ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦੀ ਹੈ। ਇਹ ਸਾਨੂੰ ਥਕਾਵਟ, ਘਬਰਾਹਟ, ਧਿਆਨ ਦੀ ਕਮੀ ਅਤੇ ਆਤਮਿਕ ਤੌਰ ‘ਤੇ ਖਾਲੀ ਮਹਿਸੂਸ ਕਰਵਾ ਸਕਦੀ ਹੈ।

ਬਾਈਬਲ ਕਹਿੰਦੀ ਹੈ: “ਆਪਣੀਆਂ ਸਾਰੀਆਂ ਚਿੰਤਾਵਾਂ ਪਰਮੇਸ਼ੁਰ ਉੱਤੇ ਸੁੱਟ ਦਿਓ, ਕਿਉਂਕਿ ਉਹ ਤੁਹਾਡੀ ਚਿੰਤਾ ਕਰਦਾ ਹੈ।” (1 ਪਤਰਸ 5:7) ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਆਪਣੀ ਹਰ ਚਿੰਤਾ, ਹਰ ਭਾਰ, ਉਸ ਦੇ ਹੱਥਾਂ ਵਿੱਚ ਦੇ ਦਈਏ — ਤਾਂ ਜੋ ਉਹ ਸਾਡੇ ਦਿਲ ਵਿੱਚ ਆਸ, ਸਾਡੀ ਆਤਮਾ ਵਿੱਚ ਸ਼ਾਂਤੀ ਅਤੇ ਸਾਡੀ ਜ਼ਿੰਦਗੀ ਵਿੱਚ ਤਾਕਤ ਭਰ ਸਕੇ।

ਪਰਮੇਸ਼ੁਰ ਨੇ ਸਾਨੂੰ ਐਨਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਪੁੱਤਰ ਯਿਸੂ ਮਸੀਹ ਇਕ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਭੇਜ ਦਿੱਤਾ। (ਯੂਹੰਨਾ 3:16) ਯਿਸੂ ਮਸੀਹ ਉਹ ਸਭ ਕੁਝ ਹੈ ਜੋ ਤੁਸੀਂ ਇੱਕ ਸੱਚੇ ਦੋਸਤ, ਸਲਾਹਕਾਰ, ਮਾਰਗਦਰਸ਼ਕ ਅਤੇ ਅਧਿਆਪਕ ਵਿੱਚ ਚਾਹ ਸਕਦੇ ਹੋ। ਜਦੋਂ ਯਿਸੂ ਤੁਹਾਡੀ ਜ਼ਿੰਦਗੀ ਦੇ ਵਿੱਚ ਆ ਜਾਂਦਾ ਹੈ, ਤਾਂ ਉਸ ਦੀ ਹਜ਼ੂਰੀ ਸਦਾ ਤੁਹਾਡੇ ਨਾਲ ਰਹਿੰਦੀ ਹੈ।

ਜੇ ਤੁਸੀਂ ਅਜੇ ਤੱਕ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਉਹ ਆਸ਼ਾ, ਸ਼ਾਂਤੀ ਅਤੇ ਸਥਿਰਤਾ ਨਹੀਂ ਪਾਈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਉਸ ਦੇ ਪੁੱਤਰ ਯਿਸੂ ਮਸੀਹ ਨੂੰ ਆਪਣੇ ਦਿਲ ਵਿੱਚ ਸਵੀਕਾਰ ਕਰੋ। ਤੁਸੀਂ ਹੇਠ ਲਿਖੀ ਪ੍ਰਾਰਥਨਾ ਨੂੰ ਦਿਲੋਂ ਕਰਕੇ, ਯਿਸੂ ਨੂੰ ਆਪਣੀ ਜ਼ਿੰਦਗੀ ਵਿੱਚ ਬੁਲਾ ਸਕਦੇ ਹੋ।

ਪਿਆਰੇ ਯਿਸੂ, ਧੰਨਵਾਦ ਕਰਦਾ ਹਾਂ ਕਿ ਤੁਸੀਂ ਮੇਰੇ ਲਈ ਮਰੇ ਤਾਂ ਜੋ ਮੈਂ ਅਨੰਤ ਜੀਵਨ ਪਾ ਸਕਾਂ। ਕਿਰਪਾ ਕਰਕੇ ਮੇਰੇ ਹਰੇਕ ਪਾਪ ਅਤੇ ਉਹਨਾਂ ਸਾਰੀਆਂ ਗਲਤੀਆਂ ਨੂੰ ਮਾਫ਼ ਕਰੋ, ਜੋ ਮੈਂ ਕਦੇ ਵੀ ਕੀਤੀਆਂ ਹੋਣ। ਮੇਰੇ ਦਿਲ ਵਿੱਚ ਆ ਜਾਓ, ਮੈਨੂੰ ਆਪਣੀ ਅਨੰਤ ਜੀਵਨ ਦੀ ਦਾਤ ਦਿਓ, ਅਤੇ ਮੈਨੂੰ ਆਪਣਾ ਪਿਆਰ ਅਤੇ ਸ਼ਾਂਤੀ ਜਾਣਨ ਵਿੱਚ ਮਦਦ ਕਰੋ। ਮੈਂ ਧੰਨਵਾਦ ਕਰਦਾ ਹਾ ਕਿ ਇਸ ਪਲ ਤੋਂ ਲੈ ਕੇ ਸਦਾ ਤੱਕ, ਤੁਸੀਂ ਮੇਰੇ ਨਾਲ ਹੋ। ਆਮੀਨ।

© 2020 Activated
To learn more, visit our website at: https://activated.org/en/.